# ਆਕਾਸ਼ਵਾਣੀ ਜਲੰਧਰ

# ਪ੍ਰਦੇਸ਼ਿਕ ਖਬਰਾਂ ਪੰਜਾਬੀ

**18:20 Pm**

**ਮਿਤੀ: 10-12-2024**

- ਰਾਸ਼ਟਰਪਤੀ ਦ੍ਰੋਪਦੀ ਮੁਰਮੂ ਨੇ, ਸਾਰਿਆਂ ਦੇ ਅਧਿਕਾਰਾਂ ਅਤੇ ਸਨਮਾਨ ਦੀ ਰੱਖਿਆ ਕਰਨ ਵਾਲੇ ,ਇਕੋ ਜਿਹੇ ਡਿਜੀਟਲ ਮਾਹੌਲ ਨੂੰ ਯਕੀਨੀ ਬਣਾਉਣ ਦੀ ਮਹੱਤਤਾ 'ਤੇ ਜ਼ੋਰ ਦਿੱਤਾ।

- ਸਰਕਾਰ ਨੇ ਕਿਹਾ ਏ ਕਿ ਕੇਂਦਰੀ ਮੰਤਰੀ ਮੰਡਲ ਨੇ, ਫਸਲਾਂ, ਮੌਸਮ ਅਤੇ ਪਾਣੀ ਬਾਰੇ ਜਾਣਕਾਰੀ ਇਕੱਠੀ ਕਰਨ ਲਈ, 28 ਅਰਬ 17 ਕਰੋੜ ਰੁਪਏ ਦੇ ਡਿਜੀਟਲ ਖੇਤੀਬਾੜੀ ਮਿਸ਼ਨ ਨੂੰ ਮਨਜ਼ੂਰੀ ਦਿੱਤੀ ਏ।

- ਪੰਜਾਬ ਦੇ ਰਾਜਪਾਲ ਗੁਲਾਬ ਚੰਦ ਕਟਾਰੀਆ ਨੇ, 'ਨਸ਼ਾ ਮੁਕਤ-ਰੰਗਲਾ ਪੰਜਾਬ' ਮੁਹਿੰਮ ਦੇ ਹਿੱਸੇ ਵਜੋਂ, ਦੋ ਰੋਜ਼ਾ 'ਪੀਪਲਜ਼ ਵਾਕ' ਨੂੰ, ਝੰਡੀ ਦੇ ਕੇ ਰਵਾਨਾ ਕੀਤਾ।

- ਪੰਜਾਬ ਦੇ ਵਿਦਿਅਕ ਅਦਾਰੇ, ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ ਫਗਵਾੜਾ ਅਤੇ ਝੰਜੇੜੀ ਸਥਿਤ ਚੰਡੀਗੜ੍ਹ ਕਾਲਜ ਆਫ਼ ਇੰਜੀਨੀਅਰਿੰਗ ਚੰਡੀਗੜ੍ਹ ਗਰੁੱਪ ਆਫ਼ ਕਾਲਜਿਜ਼, ਕੱਲ੍ਹ ਤੋਂ ਸਮਾਰਟ ਇੰਡੀਆ ਹੈਕਾਥਨ 2024 - ਦੇ 7ਵੇਂ ਸੰਸਕਰਨ ਦੀ ਮੇਜ਼ਬਾਨੀ ਕਰ ਰਹੇ ਨੇ।

------------------------------------------------------

ਰਾਸ਼ਟਰਪਤੀ ਦ੍ਰੋਪਦੀ ਮੁਰਮੂ ਨੇ, ਸਾਰਿਆਂ ਦੇ ਅਧਿਕਾਰਾਂ ਅਤੇ ਸਨਮਾਨ ਦੀ ਰੱਖਿਆ ਕਰਨ ਵਾਲੇ ,ਇਕੋ ਜਿਹੇ ਡਿਜੀਟਲ ਮਾਹੌਲ ਨੂੰ ਯਕੀਨੀ ਬਣਾਉਣ ਦੀ ਮਹੱਤਤਾ 'ਤੇ ਜ਼ੋਰ ਦਿੱਤਾ ਏ । ਅੱਜ ਨਵੀਂ ਦਿੱਲੀ ਵਿੱਚ, ਰਾਸ਼ਟਰੀ ਮਨੁੱਖੀ ਅਧਿਕਾਰ ਕਮਿਸ਼ਨ ਵੱਲੋਂ ਕਰਵਾਏ ਮਨੁੱਖੀ ਅਧਿਕਾਰ ਦਿਵਸ ਸਮਾਗਮ ਨੂੰ ਸੰਬੋਧਨ ਕਰਦਿਆਂ, ਰਾਸ਼ਟਰਪਤੀ ਨੇ ਕਿਹਾ ਕਿ ਸਾਈਬਰ ਅਪਰਾਧ ਅਤੇ ਜਲਵਾਯੂ ਤਬਦੀਲੀ ਮਨੁੱਖੀ ਅਧਿਕਾਰਾਂ ਲਈ ਨਵੀਆਂ ਚੁਣੌਤੀਆਂ ਨੇ । ਉਨ੍ਹਾਂ ਕਿਹਾ, ਡਿਜੀਟਲ ਯੁੱਗ ਪਰਿਵਰਤਨਸ਼ੀਲ ਏ ਪਰ ਇਸ ਨੇ ਸਾਈਬਰ ਬੁਲਿੰਗ, ਡੀਪ ਫੇਕ, ਜਿਹੀਆਂ ਚਿੰਤਾਵਾਂ ਅਤੇ ਗਲਤ ਜਾਣਕਾਰੀ ਦੇ ਪਾਸਾਰ ਦੇ ਮੁੱਦੇ ਵੀ

ਸਾਹਮਣੇ ਆਏ ਨੇ। ਰਾਸ਼ਟਰਪਤੀ ਨੇ ਕਿਹਾ ਕਿ ਭਾਰਤ ਨੇ ਗਰੀਬੀ ਅਤੇ ਭੁੱਖਮਰੀ ਨੂੰ ਖਤਮ ਕਰਨ ਅਤੇ ਨੌਜਵਾਨਾਂ ਨੂੰ ਬਰਾਬਰ ਮੌਕੇ ਪ੍ਰਦਾਨ ਕਰਨ ਦੀਆਂ ਨੀਤੀਆਂ ਲਾਗੂ ਕਰਕੇ, ਵਿਸ਼ਵ ਲਈ ਇੱਕ ਮਿਸਾਲ ਕਾਇਮ ਕੀਤੀ ਏ।

**BYTE:**

ਉਨ੍ਹਾਂ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਭਾਰਤ, 5 ਹਜ਼ਾਰ ਸਾਲਾਂ ਤੋਂ ਵੱਧ ਫੈਲੀ ਆਪਣੀ ਸਭਿਅਤਾ ਦੀ ਵਿਰਾਸਤ ਦੇ ਨਾਲ, ਲੰਬੇ ਸਮੇਂ ਤੋਂ ਹਮਦਰਦੀ ਅਤੇ ਸਦਭਾਵਨਾ ਵਾਲੇ ਭਾਈਚਾਰੇ ਵਿੱਚ, ਵਿਅਕਤੀਆਂ ਦੇ ਆਪਸ ਵਿੱਚ ਜੁੜੇ ਹੋਣ ਦੀਆਂ ਕਦਰਾਂ ਕੀਮਤਾਂ ਨੂੰ ਬਰਕਰਾਰ ਰੱਖਦਾ ਏ। ਰਾਸ਼ਟਰਪਤੀ ਨੇ, ਰਾਸ਼ਟਰੀ ਮਨੁੱਖੀ ਅਧਿਕਾਰ ਕਮਿਸ਼ਨ ਦੀ, ਉਲੰਘਣਾਵਾਂ ਨੂੰ ਦੂਰ ਕਰਨ, ਜਾਗਰੂਕਤਾ ਲਿਆਉਣ ਅਤੇ ਹਾਸ਼ੀਏ 'ਤੇ ਪਏ ਲੋਕਾਂ ਦੇ ਅਧਿਕਾਰਾਂ ਨੂੰ ਬਰਕਰਾਰ ਰੱਖਣ ਲਈ ਨੀਤੀਗਤ ਤਬਦੀਲੀਆਂ ਦੀ ਸਿਫ਼ਾਰਸ਼ ਕਰਨ ਲਈ ਸਰਗਰਮ ਭੂਮਿਕਾ ਨਿਭਾਉਣ ਲਈ ਸ਼ਲਾਘਾ ਕੀਤੀ। ਇਸ ਮੌਕੇ 'ਤੇ, ਰਾਸ਼ਟਰਪਤੀ ਮੁਰਮੂ ਨੇ ਰਾਸ਼ਟਰੀ ਮਨੁੱਖੀ ਅਧਿਕਾਰ ਕਮਿਸ਼ਨ ਦੇ ਤਿੰਨ ਪ੍ਰਕਾਸ਼ਨ ਜਾਰੀ

ਕੀਤੇ। ਰਾਸ਼ਟਰੀ ਮਨੁੱਖੀ ਅਧਿਕਾਰ ਕਮਿਸ਼ਨ ਦੀ ਕਾਰਜਕਾਰੀ ਚੇਅਰਪਰਸਨ ਵਿਜਯਾ ਭਾਰਤੀ ਸਯਾਨੀ ਨੇ ਕਿਹਾ, ਮਨੁੱਖੀ ਅਧਿਕਾਰ ਦਿਵਸ, ਹਰ ਵਿਅਕਤੀ ਨੂੰ ਉਸ ਦੀ ਪਛਾਣ ਜਾਂ ਪਿਛੋਕੜ ਦੀ ਪਰਵਾਹ ਕੀਤੇ ਬਿਨਾਂ ਬੁਨਿਆਦੀ ਅਧਿਕਾਰਾਂ ਦੀ  ਯਾਦ ਦਿਵਾਉਂਦਾ ਏ।

------------------------------------------------

ਪੰਜਾਬ ਦੇ ਵੱਖ ਵੱਖ ਜ਼ਿਲਿਆਂ ਵਿੱਚ ਵੀ ਮਨੁੱਖੀ ਅਧਿਕਾਰ ਦਿਵਸ ਮੌਕੇ ਸਮਾਗਮ ਕੀਤੇ ਗਏ। ਹੁਸ਼ਿਆਰਪੁਰ ਜ਼ਿਲ੍ਹਾ ਕਾਨੂੰਨੀ ਸੇਵਾਵਾ ਅਥਾਰਟੀ ਵੱਲੋਂ ਕੇਂਦਰੀ ਜੇਲ੍ਹ ਵਿਖੇ ਮਨੁੱਖੀ ਅਧਿਕਾਰ ਦਿਵਸ ਮਨਾਇਆ ਗਿਆ। ਇਸ ਮੌਕੇ ਚੀਫ ਲਿਗਲ ਏਡ ਡਿਫੈਂਸ ਕੌਂਸਲ ਵਿਸ਼ਾਲ ਕੁਮਾਰ ਨੇ ਹਵਾਲਾਤੀ ਤੇ ਕੈਦੀਆਂ ਨੂੰ ਮਨੁੱਖੀ ਅਧਿਕਾਰਾਂ ਬਾਰੇ ਜਾਣਕਾਰੀ ਦਿਤੀ। ਉਨ੍ਹਾਂ ਦੱਸਿਆ ਕਿ ਮਨੁੱਖੀ ਅਧਿਕਾਰ ਮੂਲ ਰੁਪ ਵਿੱਚ ਆਜਾਦੀ ਨਾਲ ਜ਼ਿੰਦਗੀ ਜਿਊਣ ਅਤੇ ਨਿੱਜੀ ਸੁਰਖਿੱਆ ਦਾ ਅਧਿਕਾਰ ਅਤੇ ਦੇਸ਼ ਵਿੱਚ ਸਾਰਿਆਂ ਨੂੰ ਇੱਕ ਬਰਾਬਰ ਰਹਿਣ ਦੀ ਸਮਾਨਤਾ ਦਿੰਦਾ ਏ। ਮਨੁੱਖੀ ਅਧਿਕਾਰ ਦੀ ਦੁਰਵਰਤੋਂ ਦੀ ਜਾਂਚ ਕਰਨ ਲਈ, ਸਯੁੰਕਤ ਰਾਸ਼ਟਰ ਮਹਾਸਭਾ ਦੀ ਸਥਾਪਨਾ ਕੀਤੀ ਗਈ ਏ । **ਓਧਰ ਜ਼ਿਲਾ**

**ਗੁਰਦਾਸਪੁਰ** ਦੇ ਜ਼ਿਲ੍ਹਾ ਅਤੇ ਸੈਸ਼ਨ ਜੱਜ ਰਜਿੰਦਰ ਸਿੰਘ ਅਗਰਵਾਲ ਅਤੇ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਿਟੀ ਦੇ ਸਕੱਤਰ ਰਮਨੀਤ ਕੌਰ ਦੀ ਅਗਵਾਈ ਹੇਠ ਜ਼ਿਲ੍ਹਾ ਕਚਹਿਰੀਆਂ ਵਿਖੇ ਮਨੁੱਖੀ ਅਧਿਕਾਰ ਦਿਹਾੜਾ ਮਨਾਇਆ ਗਿਆ। ਜ਼ਿਲ੍ਹਾ ਅਤੇ ਸੈਸ਼ਨ ਜੱਜ ਨੇ ਦੱਸਿਆ ਕਿ ਨਾਗਰਿਕਾਂ ਨੂੰ ਆਪਣੇ ਅਧਿਕਾਰਾਂ ਦੇ ਨਾਲ ਦੇਸ਼ ਅਤੇ ਸਮਾਜ ਪ੍ਰਤੀ ਆਪਣੇ ਫ਼ਰਜ਼ਾਂ ਤੋਂ ਵੀ ਜਾਣੂ ਹੋਣਾ ਚਾਹੀਦਾ ਏ। ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਲ ਹੋਏ ਪੰਜਾਬੀ ਦੇ ਉੱਘੇ ਲੇਖਕ ਨਿੰਦਰ ਘੁਗਿਆਣਵੀ ਨੇ 'ਨਿਰਾਸ਼ਾ ਤੋਂ ਦੂਰੀ ਕਿੰਨੀ ਜ਼ਰੂਰੀ' ਵਿਸ਼ੇ ਉੱਪਰ ਵਿਸਥਾਰ ਵਿੱਚ ਗੱਲ ਕੀਤੀ ।

---------------------------------------------------------------

ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਮਨੁੱਖੀ ਅਧਿਕਾਰਾਂ ਅਤੇ ਕਰਤੱਵਾਂ ਬਾਰੇ ਕੇਂਦਰ ਨੇ ਯੂਨੀਵਰਸਿਟੀ ਕੈਂਪਸ ਵਿਖੇ 'ਬੌਧਿਕ ਅਸਮਰਥਤਾ ਵਾਲੇ ਵਿਅਕਤੀਆਂ' ਲਈ ਸਪੋਰਟਸ ਮੀਟ ਦਾ ਆਯੋਜਨ ਕਰਕੇ ਅੰਤਰ-ਰਾਸ਼ਟਰੀ ਮਨੁੱਖੀ ਅਧਿਕਾਰ ਦਿਵਸ ਮਨਾਇਆ। ਸਪੋਰਟਸ ਮੀਟ ਵਿੱਚ ਚੰਡੀਗੜ੍ਹ ਦੇ ਭਵਨ ਵਿਦਿਆਲਿਆ ਸਕੂਲ ਅਤੇ ਜਾਗ੍ਰਿਤੀ, ਵਿਵੇਕ ਹਾਈ ਸਕੂਲ ਦੇ ਵਿਸ਼ੇਸ਼ ਸੈੱਲ,ਅਤੇ ਮਾਨਸਿਕ ਤੌਰ 'ਤੇ ਚੁਣੌਤੀਆਂ ਦੇ ਮੁੜ

ਵਸੇਬੇ ਲਈ ਸੁਸਾਇਟੀ ਨੇ ਹਿੱਸਾ ਲਿਆ। ਪੰਜਾਬ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਅਤੇ ਸਪੋਰਟਸ ਮੀਟ ਦੇ ਮੁੱਖ ਮਹਿਮਾਨ ਪ੍ਰੋ: ਰੇਣੂ ਵਿਗ ਨੇ ਖੇਡਾਂ ਵਿੱਚ ਸਰਗਰਮ ਭਾਗੀਦਾਰੀ ਦੁਆਰਾ ਸ਼ਮੂਲੀਅਤ, ਟੀਮ ਵਰਕ, ਅਤੇ ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਦੇ ਸੰਪੂਰਨ ਵਿਕਾਸ ਦੇ ਮਹੱਤਵ 'ਤੇ ਜ਼ੋਰ ਦਿੱਤਾ। ਉਨ੍ਹਾਂ ਸਮਾਜ ਵਿੱਚ ਕਮਜ਼ੋਰ ਸਮੂਹਾਂ ਨੂੰ ਦਰਪੇਸ਼ ਰੁਕਾਵਟਾਂ ਨੂੰ ਦੂਰ ਕਰਨ ਵਿੱਚ ਆਰਟੀਫੀਸ਼ੀਅਲ ਇੰਟੈਲੀਜੈਂਸ ਅਤੇ ਤਕਨਾਲੋਜੀ ਦੀ ਭੂਮਿਕਾ ਨੂੰ ਵੀ ਉਜਾਗਰ ਕੀਤਾ।

---------------------------------------------------

ਕੇਂਦਰ ਸਰਕਾਰ ਨੇ ਕਿਹਾ ਏ ਕਿ ਕੇਂਦਰੀ ਮੰਤਰੀ ਮੰਡਲ ਨੇ, ਫਸਲਾਂ, ਮੌਸਮ ਅਤੇ ਪਾਣੀ ਬਾਰੇ ਜਾਣਕਾਰੀ ਇਕੱਠੀ ਕਰਨ ਲਈ, 28 ਅਰਬ 17 ਕਰੋੜ ਰੁਪਏ ਦੇ ਡਿਜੀਟਲ ਖੇਤੀਬਾੜੀ ਮਿਸ਼ਨ ਨੂੰ ਮਨਜ਼ੂਰੀ ਦੇ ਦਿੱਤੀ ਏ। ਅੱਜ ਲੋਕ ਸਭਾ ਵਿੱਚ ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਨੇ ਕਿਹਾ ਕਿ ਸੂਬਿਆਂ ਤੋਂ ਮਹੱਤਵਪੂਰਨ ਖੇਤੀਬਾੜੀ ਜਾਣਕਾਰੀ ਪ੍ਰਾਪਤ ਕਰਨ ਲਈ, ਵਿਆਪਕ ਸਹਿਯੋਗ ਕੀਤਾ ਜਾ ਰਿਹਾ ਏ। ਸ਼੍ਰੀ ਚੌਹਾਨ ਨੇ ਕਿਹਾ ਕਿ ਖੇਤੀਬਾੜੀ

ਖੇਤਰ ਵਿੱਚ, ਸਟਾਰਟ-ਅੱਪਸ ਅਤੇ ਗ੍ਰਾਮੀਣ ਉੱਦਮਾਂ ਨੂੰ ਉਤਸ਼ਾਹਿਤ ਕਰਨ ਲਈ, 750 ਕਰੋੜ ਰੁਪਏ ਦਾ ਖੇਤੀ ਫੰਡ ਸ਼ੁਰੂ ਕੀਤਾ ਗਿਆ ਏ। ਖੇਤੀਬਾੜੀ ਮੰਤਰੀ ਨੇ ਕਿਹਾ ਕਿ ਈ-ਕਾਮਰਸ ਨੂੰ ਸਮਰੱਥ ਬਣਾਉਣ ਲਈ ਕਰੀਬ 8 ਹਜ਼ਾਰ ਕਿਸਾਨ ਉਤਪਾਦਕ ਸੰਗਠਨ ਤਿਆਰ ਕੀਤੇ ਗਏ ਨੇ।

---------------------------------------------------------------------

ਕੇਂਦਰ ਸਰਕਾਰ ਨੇ ਕਿਹਾ ਏ ਕਿ ਨਾਗਰਿਕ ਵਿਤੀ ਸਾਈਬਰ ਧੋਖਾਧੜੀ ਰਿਪੋਰਟਿੰਗ ਅਤੇ ਪ੍ਰਬੰਧਨ ਪ੍ਰਣਾਲੀ -ਆਈ 4-C ਦੇ ਤਹਿਤ, ਸਾਈਬਰ ਅਪਰਾਧੀਆਂ ਦੀ ਪਛਾਣ ਕਰਨ ਲਈ, ਇੱਕ ਸ਼ੱਕੀ ਰਜਿਸਟਰੀ ਸ਼ੁਰੂ ਕੀਤੀ ਗਈ ਏ। ਗ੍ਰਹਿ ਰਾਜ ਮੰਤਰੀ ਨਿਤਿਆਨੰਦ ਰਾਏ ਨੇ ਅੱਜ ਲੋਕ ਸਭਾ ਵਿੱਚ ਇੱਕ ਲਿਖਤੀ ਸਵਾਲ ਦੇ ਜਵਾਬ ਵਿੱਚ ਕਿਹਾ ਕਿ ਪਹਿਲਕਦਮੀ ਨੇ, 5 ਲੱਖ 60 ਹਜ਼ਾਰ ਤੋਂ ਵੱਧ ਧੋਖਾਧੜੀ ਵਾਲੇ ਲੈਣ-ਦੇਣ ਨੂੰ ਰੋਕ ਕੇ 1400 ਕਰੋੜ ਰੁਪਏ ਤੋਂ ਵੱਧ ਦੀ ਬਚਤ ਕੀਤੀ ਏ। ਉਨ੍ਹਾਂ ਦੱਸਿਆ ਕਿ ਸਾਈਬਰ ਅਪਰਾਧ ਦੇ ਪ੍ਰਮੁੱਖ ਖੇਤਰਾਂ ਨੂੰ ਧਿਆਨ ਵਿੱਚ ਰੱਖਦੇ ਹੋਏ, ਸਾਈਬਰ ਧੋਖਾਧੜੀ ਅਤੇ ਸ਼ਿਕਾਇਤਾਂ ਨੂੰ ਵੱਡੇ

ਪੱਧਰ 'ਤੇ ਘਟਾਉਣ ਲਈ, ਕਈ ਉਪਾਅ ਕੀਤੇ ਗਏ ਨੇ । ਸ਼੍ਰੀ ਰਾਏ ਨੇ ਕਿਹਾ ਏ ਕਿ, ਆਈ4-C ਦੇ ਤਹਿਤ ਚੰਡੀਗੜ੍ਹ ਮੇਵਾਤ, ਜਾਮਤਾਰਾ, ਅਹਿਮਦਾਬਾਦ, ਹੈਦਰਾਬਾਦ, ਵਿਸ਼ਾਖਾਪਟਨਮ ਅਤੇ ਗੁਹਾਟੀ ਲਈ, ਦੇਸ਼ ਭਰ ਵਿੱਚ 7 ਸੰਯੁਕਤ ਸਾਈਬਰ ਤਾਲਮੇਲ ਟੀਮਾਂ ਬਣਾਈਆਂ ਗਈਆਂ ਨੇ ।

---------------------------------------------------------

ਪੰਜਾਬ ਦੇ ਰਾਜਪਾਲ ਗੁਲਾਬ ਚੰਦ ਕਟਾਰੀਆ ਨੇ, 'ਨਸ਼ਾ ਮੁਕਤ ਪੰਜਾਬ' ਨੂੰ ਉਤਸ਼ਾਹਿਤ ਕਰਨ ਦੀ ਮੁਹਿੰਮ 'ਨਸ਼ਾ ਮੁਕਤ-ਰੰਗਲਾ ਪੰਜਾਬ' ਮੁਹਿੰਮ ਦੇ ਹਿੱਸੇ ਵਜੋਂ, ਦੋ ਰੋਜ਼ਾ ਪੀਪਲਜ਼ ਵਾਕ ਨੂੰ ਝੰਡੀ ਦੇ ਕੇ ਰਵਾਨਾ ਕੀਤਾ । ਇਸ ਮੁਹਿੰਮ ਨੂੰ ਅੱਜ ਜਲੰਧਰ ਜ਼ਿਲ੍ਹੇ ਦੇ ਪਿੰਡ ਬਿਆਸ ਤੋਂ ਝੰਡੀ ਦੇ ਕੇ ਰਵਾਨਾ ਕੀਤਾ ਗਿਆ। ਇਹ ਪਿੰਡ ਵਿਸ਼ਵ ਪ੍ਰਸਿੱਧ 113 ਸਾਲਾ ਭਾਰਤੀ ਮੈਰਾਥਨ ਦੌੜਾਕ ਫੌਜਾ ਸਿੰਘ ਦਾ ਏ। ਦੌੜਾਕ ਫੌਜਾ ਸਿੰਘ ਪਿੰਡ ਭੱਠੇ ਤੱਕ 8 ਕਿਲੋਮੀਟਰ ਤੱਕ ਰਾਜਪਾਲ ਦੇ ਨਾਲ ਪੈਦਲ ਚਲੇ । ਮੈਰਾਥਨ ਦੌੜਾਕ ਫੌਜਾ ਸਿੰਘ ਨੂੰ, 'ਨਸ਼ਾ ਮੁਕਤ ਭਾਰਤ' ਦਾ ਪ੍ਰਤੀਕ ਦੱਸਦਿਆਂ ਰਾਜਪਾਲ ਨੇ ਪੰਜਾਬ ਨੂੰ ਨਸ਼ਾ ਮੁਕਤ

ਬਣਾਉਣ ਲਈ, ਸਮਾਜ ਨੂੰ ਸਹਿਯੋਗ ਦੇਣ ਅਤੇ ਪੈਦਲ ਚੱਲਣ ਦਾ ਸੱਦਾ ਦਿੱਤਾ।

**ਵੇਰਵੇ ਨਾਲ ਇਕ ਰਿਪੋਰਟ** :

---------------------------------------------------------

ਯੁਵਕ ਸੇਵਾਵਾਂ ਵਿਭਾਗ ਵੱਲੋਂ ਯੁਵਕ ਸੇਵਾਵਾਂ ਕਲੱਬ ਅਤੇ ਗ੍ਰਾਮ ਪੰਚਾਇਤ ਬਗਿੰਡੀ ਦੇ ਸਹਿਯੋਗ ਨਾਲ ਜ਼ਿਲ੍ਹਾ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਦੇ ਪਿੰਡ ਬਗਿੰਡੀ ਵਿਖੇ, ਨਸ਼ਿਆਂ ਖਿਲਾਫ ਨੁੱਕੜ ਨਾਟਕ ਕਰਵਾਇਆ ਗਿਆ। ਇਹ ਨਾਟਕ ਸਰਫਰੋਸ਼ ਰੰਗਮੰਚ ਵਲੋਂ ਪੇਸ਼ ਕੀਤਾ ਗਿਆ। ਇਸ ਨਾਲ ਲੋਕਾਂ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ ਗਈ ਕਿ ਕਿਸ ਤਰ੍ਹਾਂ ਨਸ਼ਾ, ਮਨੁੱਖ ਦੇ ਸਰੀਰ ਨੂੰ ਖੋਖਲਾ ਕਰਕੇ ਪੂਰੀ ਤਰ੍ਹਾਂ ਖਤਮ ਕਰ ਦਿੰਦਾ ਏ। ਨਸ਼ੇ ਤੋਂ ਬਚਾਅ ਲਈ ਜਾਗਰੂਕਤਾ ਦੀ ਲੋੜ ਏ। ਯੁਵਕ ਸੇਵਾਵਾਂ ਵਿਭਾਗ ਦੇ ਸਹਾਇਕ ਡਾਇਰੈਕਟਰ ਕੈਪਟਨ ਮਨਤੇਜ ਸਿੰਘ ਚੀਮਾ, ਨੇ ਦੱਸਿਆ ਕਿ ਨਸ਼ਿਆਂ ਦੇ ਦਿਨੋ-ਦਿਨ ਵੱਧ ਰਹੇ ਪ੍ਰਭਾਵ ਨੂੰ ਰੋਕਣ ਲਈ ਜਾਗਰੂਕਤਾ ਪ੍ਰੋਗਰਾਮ, ਨੁੱਕੜ ਨਾਟਕ, ਰੈਲੀ, ਭਾਸ਼ਣ ਅਹਿਮ ਭੂਮਿਕਾ ਅਦਾ ਕਰਦੇ ਨੇ। ਨਸ਼ਿਆਂ ਵਿਰੁੱਧ ਜਾਗਰੂਕਤਾ

ਪ੍ਰੋਗਰਾਮ ਪੰਜਾਬ ਸਰਕਾਰ ਦਾ ਇੱਕ ਸ਼ਲਾਘਾਯੋਗ ਉਪਰਾਲਾ ਏ । ਵਿਭਾਗ ਵਲੋਂ ਪਿੰਡ ਪੰਚਾਇਤ ਦੇ ਸਹਿਯੋਗ ਨਾਲ ਟੀਮ ਦਾ ਸਨਮਾਨ ਕੀਤਾ ਗਿਆ ।

--------------------------------------------------

ਪੰਜਾਬ ਦੇ ਦੋ ਵਿਦਿਅਕ ਅਦਾਰੇ ਕੱਲ੍ਹ ਤੋਂ ਸਮਾਰਟ ਇੰਡੀਆ ਹੈਕਾਥਨ, 2024 - ਸਾਫਟਵੇਅਰ ਐਡੀਸ਼ਨ ਦੇ 7ਵੇਂ ਸੰਸਕਰਨ ਦੀ ਮੇਜ਼ਬਾਨੀ ਕਰਨ ਲਈ ਤਿਆਰ ਨੇ । ਜਲੰਧਰ ਨੇੜੇ ਫਗਵਾੜਾ ਸਥਿਤ ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ-LPU, ਗ੍ਰੈਂਡ ਫਿਨਾਲੇ ਦੀ ਮੇਜ਼ਬਾਨੀ ਕਰ ਰਹੀ ਏ, ਜਿਸ ਵਿੱਚ 37 ਟੀਮਾਂ ਨੇ, ਜੋ ਆਰਟੀਫਿਸ਼ਲ ਇੰਟੇਲੀਜੈਂਸ ਅਤੇ ਮੈਂਟਰ ਕਨੈਕਟ ਨਾਲ ਸਬੰਧਤ ਪੰਜਾਬ ਅਤੇ ਰਾਜਸਥਾਨ ਦੀਆਂ ਸਰਕਾਰਾਂ ਵਲੋਂ ਚੁਕੇ ਗਏ, 6 ਨਾਜ਼ੁਕ ਮੁੱਦਿਆਂ ਨਾਲ ਨਜਿੱਠ ਰਹੀਆਂ ਨੇ । ਰਾਜ ਸਭਾ ਮੈਂਬਰ ਅਤੇ LPU ਦੇ ਸੰਸਥਾਪਕ, ਚਾਂਸਲਰ, ਡਾ. ਅਸ਼ੋਕ ਕੁਮਾਰ ਮਿੱਤਲ ਨੇ ਦੱਸਿਆ ਕਿ LPU ਨੂੰ ਲਗਾਤਾਰ ਪੰਜਵੇਂ ਸਾਲ ਸਮਾਰਟ ਇੰਡੀਆ ਹੈਕਾਥਨ, ਗ੍ਰੈਂਡ ਫਿਨਾਲੇ ਦੀ ਮੇਜ਼ਬਾਨੀ ਕਰਨ ਲਈ ਚੁਣਿਆ ਗਿਆ ਏ । ਉਨ੍ਹਾਂ ਕਿਹਾ ਕਿ ਸਮਾਰਟ ਇੰਡੀਆ ਹੈਕਾਥਨ, ਇੱਕ

ਵੱਕਾਰੀ ਮੰਚ ਏ, ਜੋ ਭਾਰਤ ਦੇ ਸਭ ਤੋਂ ਬੇਹਤਰੀਨ ਵਿਚਾਰਾਂ ਨੂੰ, ਦੇਸ਼ ਦੀ ਤਰੱਕੀ ਵਾਸਤੇ ਪ੍ਰਭਾਵਸ਼ਾਲੀ, ਨੌਜਵਾਨਾਂ ਦੁਆਰਾ ਸੰਚਾਲਿਤ ਨਵੀਨਤਾਵਾਂ ਨੂੰ ਵਿਕਸਤ ਕਰਨ ਲਈ ਸ਼ਕਤੀ ਪ੍ਰਦਾਨ ਕਰਦਾ ਏ। ਇਸੇ ਤਰ੍ਹਾਂ ਚੰਡੀਗੜ੍ਹ ਨੇੜੇ ਝੰਜੇੜੀ ਸਥਿਤ ਚੰਡੀਗੜ੍ਹ ਕਾਲਜ ਆਫ਼ ਇੰਜਨੀਅਰਿੰਗ (CEC), ਚੰਡੀਗੜ੍ਹ ਗਰੁੱਪ ਆਫ਼ ਕਾਲਜਿਜ਼ ਵੀ ਭਲਕੇ ਸਮਾਗਮ ਦੀ ਮੇਜ਼ਬਾਨੀ ਕਰੇਗਾ ।CEC, 25 ਪ੍ਰਤਿਭਾਸ਼ਾਲੀ ਟੀਮਾਂ ਦੀ ਮੇਜ਼ਬਾਨੀ ਕਰ ਰਿਹਾ ਏ, ਜਿਸ ਵਿੱਚ ਦੇਸ਼ ਭਰ ਦੇ 11 ਵੱਖ-ਵੱਖ ਸੂਬਿਆਂ ਤੋਂ 168 ਵਿਦਿਆਰਥੀ ਅਤੇ ਸਲਾਹਕਾਰ ਸ਼ਾਮਲ ਨੇ। ਇਹਨਾਂ ਨਵੇਂ ਵਿਚਾਰਾਂ ਨੂੰ ਸਿੱਖਿਆ ਨੂੰ ਬਦਲਣ ਅਤੇ ਇੱਕ ਸਥਾਈ ਪ੍ਰਭਾਵ ਬਣਾਉਣ ਦੇ ਉਦੇਸ਼ ਨਾਲ, ਸਿੱਖਿਆ ਮੰਤਰਾਲੇ ਵਲੋਂ 5 ਗੰਭੀਰ ਸਮੱਸਿਆ ਸੰਬਧੀ ਸਵਾਲ ਦਿੱਤੇ ਜਾਣਗੇ ।ਇਸ ਸਮਾਗਮ ਦਾ ਆਯੋਜਨ, ਸਿੱਖਿਆ ਮੰਤਰਾਲੇ ਦੇ ਇਨੋਵੇਸ਼ਨ ਸੈੱਲ (MIC) ਅਤੇ ਤਕਨੀਕੀ ਸਿਖਿਆ ਬਾਰੇ ਸਰਵ ਭਾਰਤੀ ਕੌਂਸਲ ਵਲੋਂ ਕੀਤਾ ਗਿਆ ਏ, ਜਿਸ ਵਿੱਚ ਦੇਸ਼ ਭਰ ਵਿੱਚ 49 ਹਜ਼ਾਰ ਵਿਦਿਆਰਥੀ ਟੀਮਾਂ ਹਿੱਸਾ ਲੈ ਰਹੀਆਂ ਨੇ । ਦੋ ਦਿਨਾਂ ਦਾ ਗ੍ਰੈਂਡ ਫਿਨਾਲੇ ਭਲਕੇ ਦੇਸ਼ ਭਰ

ਦੇ 51 ਕੇਂਦਰਾਂ ਵਿੱਚ ਸ਼ੁਰੂ ਹੋਵੇਗਾ । ਕੇਂਦਰੀ ਸਿੱਖਿਆ ਮੰਤਰੀ ਧਰਮਿੰਦਰ ਪ੍ਰਧਾਨ ਇਸ ਦਾ ਉਦਘਾਟਨ ਕਰਨਗੇ। ਜੇਤੂ ਟੀਮ ਨੂੰ ਉਨ੍ਹਾਂ ਵਲੋਂ ਦਿੱਤੇ ਨਵੇਂ ਹੱਲਾਂ ਲਈ, ਇਕ ਲੱਖ ਰੁਪਏ ਦਾ ਨਕਦ ਇਨਾਮ ਦਿੱਤਾ ਜਾਵੇਗਾ।

---------------------------------------------------------------

**ਆਖਿਰ 'ਚ ਖਾਸ ਖਬਰਾਂ ਇਕ ਵਾਰ ਫਿਰ ਤੋਂ**

- ਰਾਸ਼ਟਰਪਤੀ ਦ੍ਰੋਪਦੀ ਮੁਰਮੂ ਨੇ, ਸਾਰਿਆਂ ਦੇ ਅਧਿਕਾਰਾਂ ਅਤੇ ਸਨਮਾਨ ਦੀ ਰੱਖਿਆ ਕਰਨ ਵਾਲੇ ,ਇਕੋ ਜਿਹੇ ਡਿਜੀਟਲ ਮਾਹੌਲ ਨੂੰ ਯਕੀਨੀ ਬਣਾਉਣ ਦੀ ਮਹੱਤਤਾ 'ਤੇ ਜ਼ੋਰ ਦਿੱਤਾ।
- ਸਰਕਾਰ ਨੇ ਕਿਹਾ ਏ ਕਿ ਕੇਂਦਰੀ ਮੰਤਰੀ ਮੰਡਲ ਨੇ, ਫਸਲਾਂ, ਮੌਸਮ ਅਤੇ ਪਾਣੀ ਬਾਰੇ ਜਾਣਕਾਰੀ ਇਕੱਠੀ ਕਰਨ ਲਈ, 28 ਅਰਬ 17 ਕਰੋੜ ਰੁਪਏ ਦੇ ਡਿਜੀਟਲ ਖੇਤੀਬਾੜੀ ਮਿਸ਼ਨ ਨੂੰ ਮਨਜ਼ੂਰੀ ਦਿੱਤੀ ਏ।

- ਪੰਜਾਬ ਦੇ ਰਾਜਪਾਲ ਗੁਲਾਬ ਚੰਦ ਕਟਾਰੀਆ ਨੇ, 'ਨਸ਼ਾ ਮੁਕਤ-ਰੰਗਲਾ ਪੰਜਾਬ' ਮੁਹਿੰਮ ਦੇ ਹਿੱਸੇ ਵਜੋਂ, ਦੋ ਰੋਜ਼ਾ 'ਪੀਪਲਜ਼ ਵਾਕ' ਨੂੰ, ਝੰਡੀ ਦੇ ਕੇ ਰਵਾਨਾ ਕੀਤਾ।
- ਪੰਜਾਬ ਦੇ ਵਿਦਿਅਕ ਅਦਾਰੇ, ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ ਫਗਵਾੜਾ ਅਤੇ ਝੰਜੇੜੀ ਸਥਿਤ ਚੰਡੀਗੜ੍ਹ ਕਾਲਜ ਆਫ਼ ਇੰਜੀਨੀਅਰਿੰਗ ਚੰਡੀਗੜ੍ਹ ਗਰੁੱਪ ਆਫ਼ ਕਾਲਜਿਜ਼, ਕੱਲ੍ਹ ਤੋਂ ਸਮਾਰਟ ਇੰਡੀਆ ਹੈਕਾਥਨ 2024 - ਦੇ 7ਵੇਂ ਸੰਸਕਰਨ ਦੀ ਮੇਜ਼ਬਾਨੀ ਕਰ ਰਹੇ ਨੇ।